# Partnership ਪ੍ਰਦਾਤਾ ਡਾਇਰੈਕਟਰੀ - ਇਸਤਲਾਹਾਂ ਦਾ ਸ਼ਬਦਕੋਸ਼

ਇੱਥੇ ਤੁਸੀਂ Partnership ਪ੍ਰਦਾਤਾ ਡਾਇਰੈਕਟਰੀ ਵਿੱਚ ਵਰਤੀਆਂ ਗਈਆਂ ਮੁਢਲੀਆਂ ਇਸਤਲਾਹਾਂ ਦੀ ਪਰਿਭਾਸ਼ਾ ਦੇਖ ਸਕੋਗੇ। ਜੇ ਤੁਸੀਂ ਆਪਣੇ ਸਵਾਲ ਦਾ ਜਵਾਬ ਲੱਭਣ 'ਚ ਅਸਮਰੱਥ ਹੋ, ਤਾਂ ਕਿਰਪਾ ਕਰਕੇ ਮੈਂਬਰ ਸੇਵਾਵਾਂ ਵਿਭਾਗ ਨੂੰ **(800) 863-4155** 'ਤੇ ਕਾਲ ਕਰੋ।

### *ਸੂਚੀਕਰਨ ਦੇ ਸਰੋਤ*

ਇਹ ਜਾਣਕਾਰੀ ਹੇਠ ਲਿਖੀਆਂ ਵਸਤਾਂ ਲਈ ਪ੍ਰਦਾਤਿਆਂ ਤੋਂ ਉਦੋਂ ਪ੍ਰਾਪਤ ਕੀਤੀ ਜਾਂਦੀ ਹੈ ਜਦੋਂ ਉਹ Partnership ਵਿੱਚ ਸ਼ਾਮਲ ਹੋਣ ਲਈ ਆਪਣੀ ਅਰਜ਼ੀ ਭਰਦੇ ਹਨ ਅਤੇ ਇਸਤੋਂ ਹਰ ਤਿੰਨ ਸਾਲ ਬਾਅਦ। ਅਸੀਂ ਹਰ ਸਾਲ ਇਸ ਜਾਣਕਾਰੀ ਦੀ ਤਸਦੀਕ ਕਰਨ ਲਈ ਪ੍ਰਦਾਤਿਆਂ ਨਾਲ ਵੀ ਜਾਂਚ ਕਰਦੇ ਹਾਂ। ਇਸ ਗੱਲ ਲਈ ਅਸੀਂ ਪ੍ਰਦਾਤਿਆਂ 'ਤੇ ਨਿਰਭਰ ਕਰਦੇ ਹਾਂ ਕਿ ਉਹ ਸਾਨੂੰ ਦੱਸਣ ਕਿ ਕੀ ਇਹ ਜਾਣਕਾਰੀ ਬਦਲ ਗਈ ਹੈ। ਪ੍ਰਦਾਤਿਆਂ ਵੱਲੋਂ ਸਾਨੂੰ ਨਾ ਦੱਸੀਆਂ ਗਈਆਂ ਅੱਪਡੇਟਾਂ ਨੂੰ ਡਾਇਰੈਕਟਰੀ ਵਿੱਚ ਅਗਲੀ ਨਿਯਤ ਤਸਦੀਕ ਤੱਕ ਸ਼ਾਮਲ ਨਹੀਂ ਕੀਤਾ ਜਾਂਦਾ।

1. ਨਾਮ
2. ਲਿੰਗ
3. ਵਿਸ਼ੇਸ਼ਤਾ
4. ਹਸਪਤਾਲ ਰਿਆਇਤਾਂ
5. ਮੈਡੀਕਲ ਸਮੂਹ ਮਾਨਤਾਵਾਂ
6. ਬੋਰਡ ਪ੍ਰਮਾਣੀਕਰਨ
7. ਨਵੇਂ ਮਰੀਜ਼ਾਂ ਨੂੰ ਸਵੀਕਾਰ ਕਰਨਾ
8. ਪ੍ਰਦਾਤਾ ਅਤੇ ਕਲੀਨਿਕਲ ਸਟਾਫ਼ ਵੱਲੋਂ ਬੋਲੀਆਂ ਜਾਂਦੀਆਂ ਭਾਸ਼ਾਵਾਂ
9. ਦਫ਼ਤਰ ਦੇ ਟਿਕਾਣੇ ਅਤੇ ਫੋਨ ਨੰਬਰ

### *ਸਹਾਇਕ ਪ੍ਰਦਾਤਾ*

ਇੱਕ ਸਹਾਇਕ ਪ੍ਰਦਾਤਾ 'ਚ ਸਥਾਈ ਮੈਡੀਕਲ ਸਾਜ਼ੋ-ਸਮਾਨ ਪ੍ਰਦਾਤਾ, ਸਰੀਰਕ ਥੈਰੇਪਿਸਟ, ਔਕੂਪੇਸ਼ਨਲ ਥੈਰੇਪਿਸਟ, ਆਦਿ ਸ਼ਾਮਲ ਹਨ।

### *ਵਿਸ਼ੇਸ਼ਤਾ*

ਵਿਸ਼ੇਸ਼ਤਾ (ਮੁਹਾਰਤ) ਤੋਂ ਭਾਵ ਹੈ ਡਾਕਟਰੀ ਇਲਾਜ ਦੀ ਉਹ ਕਿਸਮ ਜਿਸਦੇ ਡਾਕਟਰ ਅਭਿਆਸ ਵਿੱਚ ਹੈ। ਉਦਾਹਰਣ ਲਈ, ਡਾਕਟਰ ਪਰਿਵਾਰਕ ਦਵਾਈ, ਡਰਮਾਟੌਲੋਜੀ, ਕਾਰਡੀਓਲੌਜੀ ਆਦਿ ਵਿੱਚ ਮੁਹਾਰਤ ਰੱਖ ਸਕਦਾ ਹੈ। ਜਦੋਂ ਕੋਈ ਡਾਕਟਰ Partnership ਵਿੱਚ ਸ਼ਾਮਲ ਹੋਣ ਦੀ ਆਪਣੀ ਅਰਜ਼ੀ ਵਿੱਚ ਕਿਸੇ ਮੁਹਾਰਤ ਬਾਰੇ ਦੱਸਦਾ ਹੈ, ਤਾਂ ਅਸੀਂ ਪ੍ਰਦਾਤਾ ਦੀ ਸਿੱਖਿਆ ਅਤੇ ਉਸਦੀ ਸਿਖਲਾਈ ਦੇ ਇਤਿਹਾਸ ਦੀ ਜਾਂਚ ਕਰਦੇ ਹਾਂ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਉਹ, ਆਪਣੇ ਵੱਲੋਂ ਦੱਸੇ ਵਿਸ਼ੇਸ਼ ਇਲਾਜ ਵਿੱਚ ਯੋਗਤਾ ਰੱਖਦੇ ਹਨ। ਬਹੁਤ ਸਾਰੇ ਡਾਕਟਰ ਆਪਣੀ ਮੁਹਾਰਤ ਦੇ ਖੇਤਰ ਵਿੱਚ ਵਧੇਰੇ ਸਿੱਖਿਆ ਅਤੇ ਸਿਖਲਾਈ ਪੂਰੀ ਕਰਦੇ ਹਨ ਅਤੇ ਇਸ ਲਈ ਪ੍ਰਮਾਣੀਕਰਨ ਪ੍ਰਾਪਤ ਕਰਦੇ ਹਨ। ਬੋਰਡ ਪ੍ਰਮਾਣੀਕਰਨ ਲਈ ਕਿਰਪਾ ਕਰਕੇ ਹੇਠਾਂ ਦੇਖੋ।

### *ਬੋਰਡ ਪ੍ਰਮਾਣੀਕਰਨ*

ਬੋਰਡ ਪ੍ਰਮਾਣੀਕਰਨ ਤੋਂ ਭਾਵ ਹੈ ਕਿ ਉਸ ਡਾਕਟਰ ਨੇ ਦਵਾਈ ਦੇ ਇੱਕ ਖੇਤਰ ਵਿੱਚ ਵਧੇਰੇ ਸਿੱਖਿਆ ਅਤੇ ਸਿਖਲਾਈ ਪੂਰੀ ਕਰ ਲਈ ਹੈ ਅਤੇ ਉਸਨੇ ਇੱਕ ਇਮਤਿਹਾਨ ਪਾਸ ਕਰ ਲਿਆ ਹੈ ਜੋ ਪ੍ਰਮਾਣਿਤ ਕਰਦਾ ਹੈ ਕਿ ਉਸਨੂੰ ਇਸ ਖੇਤਰ ਵਿੱਚ ਮੁਹਾਰਤ ਹਾਸਿਲ ਹੈ। ਜਦੋਂ ਪ੍ਰਦਾਤਾ  Partnership ਵਿੱਚ ਸ਼ਾਮਲ ਹੋਣ ਲਈ ਆਪਣੀ ਅਰਜ਼ੀ ਭਰਦੇ ਹਨ ਅਤੇ ਇਸਦੇ ਹਰ ਤਿੰਨ ਸਾਲ ਬਾਅਦ, ਇਸ ਜਾਣਕਾਰੀ ਦੀ ਜਾਂਚ ਅਮੈਰੀਕਨ ਬੋਰਡ ਆਫ ਮੈਡੀਕਲ ਸਪੈਸ਼ਲੀਟੀਜ਼ (American Board of Medical Specialties (ABMS)) ਅਤੇ ਹੋਰ ਬੋਰਡਾਂ ਕੋਲ ਕੀਤੀ ਜਾਂਦੀ ਹੈ। ਅਸੀਂ ਹਰੇਕ ਸਾਲ ਪ੍ਰਦਾਤਾ ਨੂੰ ਦੁਬਾਰਾ ਪੁੱਛਕੇ ਵੀ ਇਸ ਜਾਣਕਾਰੀ ਦੀ ਜਾਂਚ ਕਰਦੇ ਹਾਂ ਕਿ ਕੀ ਇਹ ਜਾਣਕਾਰੀ ਅਜੇ ਵੀ ਸਹੀ ਹੈ। ਜੇਕਰ ਤੁਹਾਨੂੰ ਪ੍ਰਦਾਤਾ ਦੇ ਬੋਰਡ ਪ੍ਰਮਾਣੀਕਰਨ ਬਾਰੇ ਅੱਪਡੇਟ ਕੀਤੀ ਜਾਣਕਾਰੀ ਦੀ ਲੋੜ ਹੈ, ਤਾਂ ABMS

ਦੀ ਵੈੱਬਸਾਈਟ, www.abms.org ’ਤੇ ਜਾਓ। ਇਸਤੋਂ ਬਾਅਦ “ਕੀ ਤੁਹਾਡਾ ਡਾਕਟਰ ਪ੍ਰਮਾਣਿਤ ਹੈ?” ਲਿੰਕ ’ਤੇ ਕਲਿੱਕ ਕਰੋ।

***ਸਿੱਖਿਆ ਅਤੇ ਸਿਖਲਾਈ*** ਜੇ ਤੁਹਾਡਾ ਕਿਸੇ ਡਾਕਟਰ ਦੀ ਸਿੱਖਿਆ ਅਤੇ ਸਿਖਲਾਈ ਬਾਰੇ ਕੋਈ ਸਵਾਲ ਹੈ, ਤਾਂ ਤੁਸੀਂ ਲਾਇਸੰਸ ਖੋਜ ਦੇ ਅਧੀਨ ਮੈਡੀਕਲ ਬੋਰਡ ਆਫ਼ ਕੈਲੀਫੋਰਨੀਆ ਦੀ ਵੈੱਬਸਾਈਟ www.mbc.ca.gov 'ਤੇ ਜਾਣਕਾਰੀ ਲੱਭ ਸਕਦੇ ਹੋ, ਜਾਂ Partnership ਦੀਆਂ ਮੈਂਬਰ ਸੇਵਾਵਾਂ ਨੂੰ **(800) 863-4155 'ਤੇ ਕਾਲ ਕਰੋ**।

*ਕਮਿਊਨਿਟੀ ਹੈਲਥ ਕਲੀਨਿਕ*
ਕਮਿਊਨਿਟੀ ਵਿੱਚ ਸਥਾਪਿਤ ਇਹ ਕਲੀਨਿਕ ਡਾਕਟਰਾਂ ਅਤੇ ਨਰਸਾਂ ਦੇ ਸਮੂਹ ਦੁਆਰਾ ਚਲਾਇਆ ਜਾਂਦਾ ਹੈ।

*ਮੈਡੀਕਲ ਸਮੂਹ ਮਾਨਤਾਵਾਂ*
ਪੱਧਤੀ, ਜਾਂ ਮੈਡੀਕਲ ਸਮੂਹ, ਜਿਸ ਨਾਲ ਪ੍ਰਦਾਤਾ ਸੰਬੰਧਿਤ ਹੈ।

*ਨਿਰਧਾਰਤ ਹਸਪਤਾਲ*
ਉਹ ਹਸਪਤਾਲ, ਜਿੱਥੇ ਲੋੜੀਂਦੀ ਦੇਖਭਾਲ ਮੌਜੂਦ ਹੋਣ ‘ਤੇ ਤੁਹਾਡਾ ਪ੍ਰਦਾਤਾ ਤੁਹਾਨੂੰ ਮਰੀਜ਼ ਦੇ ਤੌਰ ‘ਤੇ ਦੇਖਭਾਲ ਦੀ ਜ਼ਰੂਰਤ ਪੈਣ ‘ਤੇ ਭੇਜੇਗਾ।

*ਹਸਪਤਾਲ ਰਿਆਇਤਾਂ*
ਹਸਪਤਾਲ ਜਿੱਥੇ ਮਰੀਜ਼ਾਂ ਦੀ ਦੇਖਭਾਲ ਕਰਨ ਅਤੇ ਉਸਦਾ ਇੰਤਜ਼ਾਮ ਕਰਨ ਲਈ ਪ੍ਰਦਾਤਾ ਨੂੰ ਮਨਜ਼ੂਰੀ ਦਿੱਤੀ ਗਈ ਹੈ।

*ਪ੍ਰਦਾਤਾ ਭਾਸ਼ਾਵਾਂ*
ਪ੍ਰਦਾਤਾ ਅਤੇ ਦੂਜੇ ਕਲੀਨਿਕਲ ਸਟਾਫ਼ ਦੁਆਰਾ ਅੰਗਰੇਜ਼ੀ ਤੋਂ ਇਲਾਵਾ ਬੋਲੀਆਂ ਜਾਣ ਵਾਲੀਆਂ ਹੋਰ ਭਾਸ਼ਾਵਾਂ।

*ਸਟਾਫ਼ ਭਾਸ਼ਾਵਾਂ*
ਸਾਈਟ 'ਤੇ ਪ੍ਰਦਾਤਾ ਨੂੰ ਛੱਡ ਕੇ ਗ਼ੈਰ-ਕਲੀਨਿਕਲ ਦਫ਼ਤਰੀ ਸਟਾਫ਼ ਦੁਆਰਾ ਅੰਗਰੇਜ਼ੀ ਤੋਂ ਇਲਾਵਾ ਬੋਲੀਆਂ ਜਾਣ ਵਾਲੀਆਂ ਹੋਰ ਭਾਸ਼ਾਵਾਂ।

*ਪ੍ਰਦਾਤਾ ਦਾ ਪਤਾ*
ਉਹ ਸਥਾਨ ਜਿੱਥੇ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ।

*ਪ੍ਰਦਾਤਾ ਸਾਈਟ ਦੀ ਸਥਿਤੀ*

- **ਨਵੇਂ ਮਰੀਜ਼ਾਂ ਨੂੰ ਦਾਖਲ ਕਰਨਾ:** ਪ੍ਰਦਾਤਾ ਸਾਈਟ ਨਵੇਂ ਮਰੀਜ਼ਾਂ ਨੂੰ ਦੇਖਣ ਦੇ ਯੋਗ ਹੈ।
- **ਮੌਜੂਦਾ ਮਰੀਜ਼ਾਂ ਨੂੰ ਦਾਖ਼ਲ ਕਰਨਾ:** ਪ੍ਰਦਾਤਾ ਸਾਈਟ ਸਿਰਫ਼ ਉਹਨਾਂ ਮਰੀਜ਼ਾਂ ਨੂੰ ਹੀ ਦੇਖਣ ਦੇ ਯੋਗ ਹੈ ਜੋ ਪਹਿਲਾਂ ਹੀ ਸਾਈਟ ਨੂੰ ਸੌਂਪ ਦਿੱਤੇ ਗਏ ਹਨ।
- **ਸਿਰਫ਼ ਰੈਫਰਲ ਦੁਆਰਾ ਉਪਲਬਧ:** ਪ੍ਰਦਾਤਾ ਸਾਈਟ ਸਿਰਫ਼ ਉਹਨਾਂ ਮਰੀਜ਼ਾਂ ਨੂੰ ਹੀ ਦੇਖਣ ਦੇ ਯੋਗ ਹੈ ਜੋ ਉਹਨਾਂ ਦੇ ਮੁਢਲੀ ਦੇਖਭਾਲ ਚਿਕਿਤਸਕ ਦੁਆਰਾ ਸੌਂਪੇ ਗਏ ਹਨ।
- **ਸਿਰਫ਼ ਕਿਸੇ ਹਸਪਤਾਲ ਜਾਂ ਸਹੂਲਤ ਦੁਆਰਾ ਉਪਲਬਧ:** ਪ੍ਰਦਾਤਾ ਮਰੀਜ਼ਾਂ ਨੂੰ ਦਫ਼ਤਰ ਵਾਲੀ ਥਾਂ 'ਤੇ ਨਹੀਂ ਦੇਖਦਾ ਹੈ। ਪ੍ਰਦਾਤਾ ਸਿਰਫ ਉਨ੍ਹਾਂ ਮਰੀਜ਼ਾਂ ਨੂੰ ਦੇਖਦਾ ਹੈ ਜੋ ਕਿਸੇ ਹਸਪਤਾਲ ਜਾਂ ਅਜਿਹੀ ਕਿਸੇ ਹੋਰ ਜਗ੍ਹਾਂ ’ਤੇ ਦੇਖਭਾਲ ਪ੍ਰਾਪਤ ਕਰ ਰਹੇ ਹਨ।
- **ਨਵੇਂ ਮਰੀਜ਼ਾਂ ਨੂੰ ਦਾਖ਼ਲ ਨਹੀਂ ਕਰਦਾ:** ਪ੍ਰਦਾਤਾ ਸਾਈਟ ਆਪਣੀ ਸਾਈਟ ਵਿਖੇ ਨਵੇਂ ਮਰੀਜ਼ਾਂ ਨੂੰ ਦੇਖਣ ਦੇ ਯੋਗ ਨਹੀਂ ਹੈ।

***ਮੁਹਾਰਤ ਦੀ ਕਿਸਮ*** ਪ੍ਰਦਾਤਾ ਦੀ ਡਾਕਟਰੀ ਮੁਹਾਰਤ ਜਾਂ ਸਹੂਲਤ ਦੀ ਕਿਸਮ ਦੇ ਅਧਾਰ 'ਤੇ ਖੋਜ ਕਰਨ ਯੋਗ ਬਣਾਉਂਦਾ ਹੈ। ਉਦਾਹਰਣ ਲਈ, ਜੇਕਰ ਤੁਸੀਂ ਕਿਸੇ ਡਰਮਾਟੌਲੋਜਿਸਟ ਦੀ ਭਾਲ ਵਿੱਚ ਹੋ, ਤਾਂ ਸੂਚੀ ਵਿੱਚੋਂ ਡਰਮਾਟੌਲੋਜੀ ਚੁਣੋ। ਨੋਟ ਕਰੋ: ਕੁਝ ਡਾਕਟਰਾਂ ਕੋਲ ਇੱਕ ਤੋਂ ਵਧੇਰੇ ਵਿਸ਼ੇਸ਼ਤਾ ਹੋ ਸਕਦੀ ਹੈ। ਸਹੂਲਤ ਸੰਸਥਾ ਲਈ, ਜੇਕਰ ਤੁਸੀਂ ਕਿਸੇ ਹਸਪਤਾਲ ਲਈ ਭਾਲ ਕਰ ਰਹੇ ਹੋ, ਉਦਾਹਰਨ ਵਜੋਂਤਾਂ ਹਸਪਤਾਲ ਚੁਣੋ।

***ਹਸਪਤਾਲ ਸੂਚੀ ਵਿੱਚ ਵਰਤੀਆਂ ਜਾਂਦੀਆਂ ਇਸਤਲਾਹਾਂ*** ਪ੍ਰਦਾਤਾ ਡਾਇਰੈਕਟਰੀ ਤੁਹਾਨੂੰ Partnership ਦੇ ਨੈੱਟਵਰਕ ਵਿੱਚ ਹਸਪਤਾਲਾਂ, ਕਲੀਨਿਕਾਂ ਅਤੇ ਹੋਰ ਸਹੂਲਤਾਂ ਦੀ ਖੋਜ ਕਰਨ ਯੋਗ ਬਣਾਉਂਦੀ ਹੈ। ਹੇਠਾਂ ਉਹ ਜਾਣਕਾਰੀ ਦਿੱਤੀ ਗਈ ਹੈ ਜੋ ਤੁਸੀਂ ਪ੍ਰਦਾਤਾ ਡਾਇਰੈਕਟਰੀ ਵਿੱਚ ਕਿਸੇ ਹਸਪਤਾਲ ਬਾਰੇ ਪ੍ਰਾਪਤ ਕਰੇ ਸਕਦੇ ਹੋ ਅਤੇ ਜਾਣ ਸਕਦੇ ਹੋ ਕਿ ਇਸਦੇ ਮਤਲਬ ਕੀ ਹਨ। ਇਹ ਜਾਣਕਾਰੀ ਹਸਪਤਾਲ ਦੁਆਰਾ ਖੁੱਦ ਦੱਸੀ ਜਾਂਦੀ ਹੈ ਅਤੇ ਹਰ ਤਿੰਨ ਸਾਲ ਵਿੱਚ ਜਾਂ ਅਕਸਰ ਹਸਪਤਾਲ ਦੁਆਰਾ ਦੱਸਣ ਅਨੁਸਾਰ ਇਸਨੂੰ ਅੱਪਡੇਟ ਕੀਤਾ ਜਾਂਦਾ ਹੈ। ਅਸੀਂ ਹਰ ਸਾਲ ਇਸ ਜਾਣਕਾਰੀ ਦੀ ਤਸਦੀਕ ਕਰਨ ਲਈ ਹਸਪਤਾਲਾਂ ਨਾਲ ਵੀ ਜਾਂਚ ਕਰਦੇ ਹਾਂ। ਅਸੀਂ ਇਸ ਗੱਲ ਲਈ ਹਸਪਤਾਲ 'ਤੇ ਨਿਰਭਰ ਕਰਦੇ ਹਾਂ ਕਿ ਉਹ ਸਾਨੂੰ ਦੱਸੇ ਜੇਕਰ ਇਸ ਜਾਣਕਾਰੀ

ਵਿੱਚ ਕੋਈ ਬਦਲਾਅ ਹੋਇਆ ਹੈ। ਜਿਨ੍ਹਾਂ ਅੱਪਡੇਟਾਂ ਬਾਰੇ ਸਾਨੂੰ ਹਸਪਤਾਲ ਵੱਲੋਂ ਸੂਚਿਤ ਨਹੀਂ ਕੀਤਾ ਜਾਂਦਾ, ਉਨ੍ਹਾਂ ਨੂੰ ਸਾਡੇ ਅਗਲੇ ਨਿਯਤ ਕੀਤੇ ਪ੍ਰਮਾਣੀਕਰਨ ਤੱਕ ਡਾਇਰੈਕਟਰੀ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ।

- **ਨਾਮ** ਤੋਂ ਭਾਵ ਹੈ Partnership ਦੇ ਨੈੱਟਵਰਕ ਵਿਚਲੇ ਹਸਪਤਾਲ ਦਾ ਨਾਮ।
- **ਪਤੇ** ਤੋਂ ਭਾਵ ਹੈ Partnership ਦੇ ਨੈੱਵਰਕ ਵਿਚਲੇ ਹਸਪਤਾਲ ਦੀ ਜ਼ਮੀਨੀ ਸਥਿਤੀ।
- **ਫੋਨ** ਤੋਂ ਭਾਵ ਹੈ Partnership ਦੇ ਨੈੱਟਵਰਕ ਵਿਚਲੇ ਹਸਪਤਾਲ ਦਾ ਟੈਲੀਫੋਨ ਨੰਬਰ।

***ਹਸਪਤਾਲ ਗੁਣਵੱਤਾ ਡਾਟਾ ਸਰੋਤ***

ਹਸਪਤਾਲ ਗੁਣਵੱਤਾ ਡਾਟਾ ਤੋਂ ਭਾਵ ਹੈ ਕਿ ਉਸ ਡਾਟਾ ਤੋਂ ਹੈ ਜੋ Partnership ਦੇ ਨੈੱਟਵਰਕ ਵਿਚਲੇ ਹਸਪਤਾਲ ਦੀ ਗੁਣਵੱਤਾ ਜਾਨਣ ਲਈ ਮਾਨਤਾ-ਪ੍ਰਾਪਤ ਰਾਸ਼ਟਰੀ ਜਾਂ ਰਾਜ ਸਰੋਤਾਂ ਤੋਂ ਲਿਆ ਗਿਆ ਹੈ। Partnership ਦੀ ਪ੍ਰਦਾਤਾ ਡਾਇਰੈਕਟਰੀ ਵਿੱਚ The Leapfrog Group ਅਤੇ ਕੁਆਲਿਟੀ ਚੈੱਕ ਤੋਂ ਗੁਣਵੱਤਾ ਡਾਟਾ ਦੇ ਲਿੰਕ ਸ਼ਾਮਲ ਹੁੰਦੇ ਹਨ। ਇਸ ਜਾਣਕਾਰੀ ਦੀ ਤਸਦੀਕ, ਲਾਗੂ ਮਾਨਤਾ ਦੇਣ ਵਾਲੀ ਇਕਾਈ ਨਾਲ ਹਰੇਕ ਤਿੰਨ ਸਾਲ ਬਾਅਦ ਜਾਂ ਇਸਤੋਂ ਵੱਧ ਜਿਵੇਂ ਹਸਪਤਾਲ ਰਿਪੋਰਟ ਦਿੰਦਾ ਹੋਵੇ, ਹੁੰਦੀ ਹੈ।

***ਹਸਪਤਾਲ ਮਾਨਤਾ***

ਜਦੋਂ ਕਿਸੇ ਹਸਪਤਾਲ ਦੀ ਉਸਦੇ ਪ੍ਰਬੰਧਾਂ ਅਤੇ ਪ੍ਰਕਿਰਿਆਵਾਂ ਦੀ ਗੁਣਵੱਤਾ ਬਾਰੇ ਮੁਲਾਂਕਣ ਕਰਨ ਲਈ, ਕਿਸੇ ਬਾਹਰੀ ਸੰਸਥਾ ਵੱਲੋਂ ਜਾਂਚ ਹੋਵੇ। Partnership ਮਾਨਤਾ ਦੇਣ ਵਾਲੀ ਸੰਸਥਾ ਨਾਲ ਜਾਂਚ ਕਰਦੀ ਹੈ ਕਿ ਕੀ ਹਸਪਤਾਲ ਨੂੰ ਹਰੇਕ ਤਿੰਨ ਸਾਲ ਬਾਅਦ ਮਾਨਤਾ ਮਿਲ ਰਹੀ ਹੈ। ਪ੍ਰਦਾਤਾ ਡਾਇਰੈਕਟਰੀ ਵਿੱਚ ਹਸਪਤਾਲ ਨੂੰ ਮਾਨਤਾ ਦੇਣ ਵਾਲੀ ਸੰਸਥਾ ਲਈ ਲਿੰਕ ਸ਼ਾਮਲ ਹੁੰਦੇ ਹਨ।

***ਵ੍ਹੀਲਚੇਅਰ ਅਤੇ ਪਹੁੰਚਯੋਗਤਾ ਕੋਡ***

ਇਹ ਜਾਣਕਾਰੀ ਅਪਾਹਜ ਲੋਕਾਂ ਦੀ ਇੱਕ ਪਹੁੰਚਯੋਗ ਦਫਤਰ ਲੱਭਣ ਵਿੱਚ ਮਦਦ ਕਰਨ ਲਈ ਹੈ। ਹਰੇਕ ਦਫਤਰ ਦਾ ਪਾਰਕਿੰਗ, ਇਮਾਰਤ, ਐਲੀਵੇਟਰ, ਡਾਕਟਰ ਦੇ ਦਫ਼ਤਰ ਦਾ ਨਿਰੀਖਣ ਕਮਰੇ, ਅਤੇ ਰੈਸਟਰੂਮ ਦੀ ਪਹੁੰਚ ਦੇ ਪੱਧਰ ਦੇ ਅਧਾਰ 'ਤੇ ਮੁਲਾਂਕਣ ਕੀਤਾ ਜਾਂਦਾ ਹੈ।

***ਪਹੁੰਚ ਦੇ ਪੱਧਰ***

ਪਹੁੰਚਯੋਗਤਾ **ਕੋਡ** (ਕੋਡਾਂ ਦੇ ਵਰਨਣ ਲਈ ਪੰਨਾ 16 ਦੇਖੋ: ■ 🎖 **P EB IB R E T** )

***ਮੁੱਢਲੀ*** **ਪਹੁੰਚ**

ਦਫਤਰ ਪਾਰਕਿੰਗ, ਬਾਹਰੀ ਅਤੇ ਅੰਦਰੂਨੀ ਇਮਾਰਤ, ਰੈਸਟਰੂਮਾਂ, ਅਤੇ ਨਿਰੀਖਣ ਕਮਰੇ (P, EB, IB, R, ਅਤੇ E) ਲਈ ਹੇਠਲੇ ਮਿਆਰਾਂ ਨੂੰ ਪੂਰਾ ਕਰਦਾ ਹੈ।

***ਸੀਮਤ*** **ਪਹੁੰਚ**

ਦਫਤਰ ਪਾਰਕਿੰਗ, ਬਾਹਰੀ ਅਤੇ ਅੰਦਰੂਨੀ ਇਮਾਰਤ, ਰੈਸਟਰੂਮਾਂ, ਅਤੇ ਨਿਰੀਖਣ ਕਮਰੇ (P, EB, IB, R, ਅਤੇ E) ਲਈ ਇੱਕ ਜਾਂ ਇੱਕ ਤੋਂ ਵੱਧ ਮਿਆਰਾਂ ਨੂੰ ਪੂਰਾ ਨਹੀਂ ਕਰਦਾ ਹੈ।

***ਮੈਡੀਕਲ ਸਾਜ਼ੋ-ਸਮਾਨ ਪਹੁੰਚ***

ਦਫ਼ਤਰ ਨਿਰੀਖਣ ਸਾਰਣੀਆਂ (T) ਅਤੇ ਪੈਮਾਨਿਆਂ ਲਈ ਹੇਠਲੇ ਮਿਆਰਾਂ ਨੂੰ ਪੂਰਾ ਕਰਦਾ ਹੈ।

***ਕੈਲੀਫੋਰਨੀਆ ਚਿਲਡ੍ਰਨਸ ਸਰਵਿਸਿਜ਼ (CCS)***

ਸੀਸੀਐਸ(CCS) ਪ੍ਰਾਦਨਕ ਉਹ ਪ੍ਰਦਾਤਾ ਹਨ, ਜੋ CCS ਕਲਾਇੰਟਾਂ ਨੂੰ ਸੇਵਾਵਾਂ ਦੇਣ ਵਾਸਤੇ CCS ਪ੍ਰੋਗਰਾਮ ਦੀਆਂ ਮੰਗਾਂ ਨੂੰ ਪੂਰਾ ਕਰਦੇ ਹਨ।